

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਮੂਹ ਸਕੂਲਾਂ ਵਿੱਚ ਵਿਦਿਅਕ ਵਰ੍ਹੇ 2024-25 ਤੋਂ ਲਾਗੂ ਕੀਤਾ ਜਾਣ ਵਾਲਾ ਅਕਾਦਮਿਕ ਕੈਲੰਡਰ

ਮਹੀਨਾ	ਮਿਤੀ/ਹਫਤਾ	ਗਤੀਵਿਧੀ
ਮਾਰਚ 2024	ਤੀਜਾ ਹਫ਼ਤਾ	ਵਿਦਿਅਕ ਵਰ੍ਹਾ 2024-25 ਦੀ ਸ਼ੁਰੂਆਤ।
ਅਪ੍ਰੈਲ 2024	ਪਹਿਲਾ ਹਫ਼ਤਾ	ਫ਼ਸਟ ਏਡ ਦੀ ਜਾਣਕਾਰੀ ਹਿੱਤ ਗਤੀਵਿਧੀ (ਸਿਹਤ ਦਿਵਸ)।
	ਦੂਜਾ ਹਫ਼ਤਾ	ਖਾਲਸਾ ਸਾਜਨਾ ਦਿਵਸ ਨਾਲ ਸੰਬੰਧਿਤ ਇੰਟਰ ਹਾਊਸ ਕੀਰਤਨ/ਕਵੀਸ਼ਰੀ ਮੁਕਾਬਲਾ।
	ਤੀਸਰਾ ਹਫਤਾ/ਚੌਥਾ ਹਫ਼ਤਾ	ਵਿਸ਼ਵ ਧਰਤੀ ਦਿਵਸ/ਮਲੇਰੀਆ ਦਿਵਸ। ਧਰਤੀ ਹੇਠਲੇ ਪਾਣੀਆਂ ਅਤੇ ਜੰਗਲਾਂ ਦੀ ਕਟਾਈ ਪੁਰ ਲੈਕਚਰ ਗਤੀਵਿਧੀ।
ਮਈ 2024	ਪਹਿਲਾ ਹਫ਼ਤਾ	ਮਜ਼ਦੂਰ ਦਿਵਸ ਨਾਲ ਸੰਬੰਧਿਤ ਨੁੱਕੜ ਨਾਟਕ/ਸਕਿੱਟ ਮੁਕਾਬਲੇ।
	ਦੂਜਾ ਹਫ਼ਤਾ	ਮਾਤ ਦਿਵਸ ਨੂੰ ਸਮਰਪਿਤ ਵਿਦਿਆਰਥੀਆਂ ਦੀਆਂ ਮਾਤਾਵਾਂ ਨਾਲ ਅਧਿਆਪਕ ਮੀਟਿੰਗ ਰੱਖੀ ਜਾਵੇ ਅਤੇ ਸਕੂਲ ਵਿਦਿਆਰਥੀਆਂ ਦੇ ਵਿਕਾਸ ਲਈ ਉਹਨਾਂ ਵੱਲੋਂ ਨਿਭਾਈ ਭੂਮਿਕਾ ਦਾ ਵੇਰਵਾ ਸਾਂਝਾ ਕੀਤਾ ਜਾਵੇ।
	ਤੀਜਾ ਹਫ਼ਤਾ (15-05-24 ਤੋਂ 22-05-24 ਤੱਕ)	ਪੀਰੀਓਡਿਕ/ਯੂਨਿਟ ਟੇਸਟ-1
	ਚੌਥਾ ਹਫ਼ਤਾ	ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਲੈਕਚਰ ਅਤੇ ਕਵਿਤਾ ਗਤੀਵਿਧੀ।
ਜੂਨ 2024	01-06-24 ਤੋਂ 02-07-2024	ਗਰਮੀਆਂ ਦੀਆਂ ਛੁੱਟੀਆਂ/ਸਮੂਹ ਸਕੂਲਾਂ ਦੇ ਗਿਆਨ ਪ੍ਰਚੰਡ ਪ੍ਰਸ਼ਨੋਤਰੀ ਮੁਕਾਬਲੇ-2.
	ਤਾਰੀਖ ਬਾਅਦ ਵਿਚ ਨਿਯਤ ਕੀਤੀ ਜਾਵੇਗੀ	ਅਧਿਆਪਨ ਅਤੇ ਗ਼ੈਰ-ਅਧਿਆਪਨ ਅਮਲਾ ਦੇ ਰਿਫਰੈਸ਼ਰ ਕੋਰਸ/ਵਰਕਸ਼ਾਪ।
ਜੁਲਾਈ 2024	ਪਹਿਲਾ ਹਫ਼ਤਾ	ਵਣ ਮਹਾਂ ਉਤਸਵ ਹਫ਼ਤਾ (ਪੋਸਟਰ ਮੇਕਿੰਗ, ਪੌਦੇ ਲਗਾਉਣਾ, ਕੁਦਰਤ ਬਚਾਉ, ਸਲੋਗਨ ਲਿਖਣਾ) ਸਕੂਲ ਵਿਚ ਵੱਧ ਤੋਂ ਵੱਧ ਪੌਦੇ ਲਗਾਏ ਜਾਣ।
	ਦੂਜਾ ਹਫ਼ਤਾ	ਬੁੱਕ ਕੀਪਿੰਗ (ਕਿਤਾਬਾਂ/ਕਾਪੀਆਂ ਦੇ ਰੱਖ ਰਖਾਵ ਪੁਰ ਸ਼੍ਰੇਣੀ ਪੱਧਰ 'ਤੇ ਮੁਕਾਬਲੇ ਕਰਵਾਏ ਜਾਣ)।
	ਤੀਸਰਾ ਹਫ਼ਤਾ	ਸੁੰਦਰ ਲਿਖਾਈ ਮੁਕਾਬਲੇ (ਕੋਈ ਭਾਸ਼ਾ)।
	ਚੌਥਾ ਹਫ਼ਤਾ	ਸਾਇੰਸ ਕੁਇਜ਼ ਅਤੇ ਸਾਇੰਸ ਮੇਲਾ/ਪ੍ਰਦਰਸ਼ਨੀ।
ਅਗਸਤ 2024	ਪਹਿਲਾ ਹਫ਼ਤਾ	ਕਲਾ ਪ੍ਰਦਰਸ਼ਨੀ/ਗੁਰਮੁਖੀ ਪੈਂਤੀ ਅੱਖਰੀ (ਕੈਲੀਗਰਾਫੀ)।
	07-08-2024 ਤੋਂ 16-08-2024	ਪੀਰੀਓਡਿਕ-ਪ੍ਰੀਖਿਆ-2.
	ਤੀਸਰਾ ਹਫ਼ਤਾ	ਸੁਤੰਤਰਤਾ ਦਿਵਸ ਸਬੰਧੀ ਗਤੀਵਿਧੀਆਂ।
	ਚੌਥਾ ਹਫ਼ਤਾ	ਕਾਰਡ/ਰੱਖੜੀਆਂ ਮੇਕਿੰਗ ਮੁਕਾਬਲਾ/ਰਿਵਾਇਤੀ ਪਹਿਰਾਵੇ ਨਾਲ ਸੰਬੰਧਿਤ ਗਤੀਵਿਧੀ।
ਸਤੰਬਰ 2024	ਪਹਿਲਾ ਹਫ਼ਤਾ	ਅੰਤਰ ਹਾਊਸ ਧਾਰਮਿਕ ਕੁਇਜ਼ ਮੁਕਾਬਲੇ/ਵਿਸ਼ਵ ਅਧਿਆਪਕ ਦਿਵਸ ਨੂੰ ਸਮਰਪਿਤ ਵਿਦਿਆਰਥੀਆਂ ਵੱਲੋਂ ਪੀ.ਪੀ.ਟੀ. ਪ੍ਰੈਜੈਂਟੇਸ਼ਨ ਮੁਕਾਬਲੇ।
	ਦੂਜਾ ਹਫ਼ਤਾ	ਅਧਿਆਪਕ ਦੇ ਸਨਮਾਨ ਸਬੰਧੀ ਨੁੱਕੜ-ਨਾਟਕ/ਸਾਰਾਗੜ੍ਹੀ ਦਿਵਸ ਨਾਲ ਸੰਬੰਧਿਤ ਡਾਕੂਮੈਂਟਰੀ/ਫ਼ੀਚਰ ਫਿਲਮ ਦਿਖਾਈ ਜਾਵੇ (ਸਕੂਲ ਵਿੱਚ)।
	ਚੌਥਾ ਹਫ਼ਤਾ	ਪਹਿਲੀ ਟਰਮ (ਪੇਪਰ)/ਯੂਨਿਟ ਟੈਸਟ-2.
		ਪੰਜਾਬੀ ਭਾਸ਼ਾ ਮੁਕਾਬਲਾ/ਗੁਰਮੁਖੀ ਮਾਤ ਭਾਸ਼ਾ ਦਿਵਸ/9ਵੀਂ ਕਲਾਸ ਤੋਂ ਉੱਪਰ ਵਿਦਿਆਰਥੀਆਂ ਦੀ ਬੈਂਕ ਵਿਜ਼ਿਟ।

ਅਕਤੂਬਰ 2024	ਦੂਜਾ ਹਫ਼ਤਾ	ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਾਮਦਾਸ ਜੀ ਨੂੰ ਸਮਰਪਿਤ ਅੰਤਰ ਹਾਊਸ ਰਾਗ ਆਧਾਰਿਤ ਕੀਰਤਨ ਮੁਕਾਬਲਾ। ਅੰਤਰ ਰਾਸ਼ਟਰੀ ਲੜਕੀ (ਬਾਲੜੀ) ਦਿਵਸ।
	ਤੀਸਰਾ ਹਫ਼ਤਾ	ਸਮੋਕਲੈਸ ਕੁਕਿੰਗ (ਫ਼ੋਵੀ' ਤੋਂ ਉੱਪਰ)/ਕਿਡਜ਼ ਕਾਰਨੀਵਾਲ (ਨਰਸਰੀ ਤੋਂ ਪੰਜਵੀ' ਤੀਕ)। ਸਮੂਹ ਸਕੂਲ ਦੇ ਅਧਿਆਪਕ ਅਤੇ ਵਿਦਿਆਰਥੀ ਲੰਚ ਬ੍ਰੇਕ ਵਿਚ ਸਕੂਲ ਪੱਧਰ 'ਤੇ ਸਮੋਕਲੈਸ ਕੁਕਿੰਗ ਨਾਲ ਸੰਬੰਧਿਤ ਗਤੀਵਿਧੀ ਕਰਨ।
	ਚੌਥਾ ਹਫ਼ਤਾ	ਵਿੱਦਿਅਕ ਟੂਰ/ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਗਤੀਵਿਧੀ। (ਗੁਰੂ ਸਾਹਿਬ ਜੀ ਦੇ ਦਰਸ਼ਨ ਸੰਸਕਾਰ ਸਿਖਾਏ ਜਾਣ)।
ਨਵੰਬਰ 2024	ਪਹਿਲਾ ਹਫ਼ਤਾ	ਬਾਲ ਦਿਵਸ/ਸੁੰਦਰ ਸਕੂਲ ਤਹਿਤ ਸਮੁੱਚੇ ਕੈਂਪਸ ਦੀ ਸਾਫ਼ ਸਫ਼ਾਈ।
	ਦੂਜਾ ਹਫ਼ਤਾ	ਅੰਤਰ ਹਾਊਸ ਖੇਡ ਮੁਕਾਬਲੇ। ਦੀਵਾਲੀ/ਬੰਦੀ ਛੋੜ ਦਿਵਸ ਨਾਲ ਸੰਬੰਧਿਤ ਗਤੀਵਿਧੀਆਂ।
	ਤੀਜਾ ਹਫ਼ਤਾ	ਅੰਤਰ ਹਾਊਸ ਦਸਤਾਰ/ਦੁਮਾਲਾ ਮੁਕਾਬਲੇ।
	ਚੌਥਾ ਹਫ਼ਤਾ	ਪ੍ਰਕਾਸ਼ ਉਤਸਵ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਗੁਰਬਾਣੀ ਕੰਠ ਅਤੇ ਜੀਵਨ ਸਾਖੀਆਂ ਦੇ ਮੁਕਾਬਲੇ।
	ਤਾਰੀਖ ਬਾਅਦ ਵਿਚ ਨਿਯਤ ਕੀਤੀ ਜਾਵੇਗੀ	ਧਾਰਮਿਕ ਪੇਪਰ।
ਦਸੰਬਰ 2024	ਪਹਿਲਾ ਹਫ਼ਤਾ (01-12-2024 ਤੋਂ 11-12-2024)	ਪੀਰੀਓਡਿਕ-3/ਯੂਨਿਟ ਟੈਸਟ-3.
	ਸ਼ਹੀਦੀ ਪੰਦਰਵਾੜਾ	ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਚੇਤਨਾ ਮਾਰਚ (ਗੱਤਕਾ, ਸ਼ਬਦ, ਕਵਿਤਾ, ਕਵੀਸ਼ਰੀ, ਪੇਂਟਿੰਗ/ਨੁੱਕੜ ਨਾਟਕ ਮੁਕਾਬਲੇ)।
ਜਨਵਰੀ 2025	ਪਹਿਲਾ ਹਫ਼ਤਾ	ਕੰਪਿਊਟਰ (ਪੰਜਾਬੀ, ਅੰਗਰੇਜ਼ੀ) ਟਾਈਪਿੰਗ ਦੀ ਸਿਖਲਾਈ (ਅਧਿਆਪਕਾਂ ਅਤੇ ਵਿਦਿਆਰਥੀਆਂ ਲਈ)।
	ਦੂਜਾ ਹਫ਼ਤਾ	ਲੋਹੜੀ/ਸਵੇਰ ਦੀ ਸਭਾ ਵਿਚ ਵਾਰਮ ਅੱਪ ਕਸਰਤਾਂ ਕਰਵਾਈਆਂ ਜਾਣ।
	ਤੀਜਾ ਹਫ਼ਤਾ	ਪੀਰੀਓਡਿਕ-4.
	ਤੀਜੇ ਤੇ ਚੌਥੇ ਹਫ਼ਤੇ	ਸਾਲਾਨਾ ਸਮਾਰੋਹ/ਗਣਤੰਤਰ ਦਿਵਸ/ਬਸੰਤ ਪੰਚਮੀ (ਚਾਇਨਾ ਡੋਰ ਪ੍ਰਤੀ ਜਾਗਰੂਕ ਕੀਤਾ ਜਾਵੇ)।
ਫਰਵਰੀ 2025	ਤਾਰੀਖ ਬਾਅਦ ਵਿਚ ਨਿਯਤ ਕੀਤੀ ਜਾਵੇਗੀ	ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਪ੍ਰੀ ਬੋਰਡ ਇਮਤਿਹਾਨ।
ਮਾਰਚ 2025	ਤਾਰੀਖ ਬਾਅਦ ਵਿਚ ਨਿਯਤ ਕੀਤੀ ਜਾਵੇਗੀ	ਫਾਈਨਲ ਇਮਤਿਹਾਨ/ਯੂਨਿਟ ਟੈਸਟ-4.

ਨੋਟ:

1. ਜਿਸ ਸ਼ਖ਼ਸੀਅਤ ਦੇ ਨਾਮ ਉੱਤੇ ਸਕੂਲ ਦਾ ਨਾਮ ਹੈ, ਉਹਨਾਂ ਨਾਲ ਸੰਬੰਧਤ ਦਿਹਾੜੇ ਨੂੰ ਸਕੂਲ ਦਾ ਫਾਊਂਡੇਸ਼ਨ ਦਿਨ ਮਨਾਇਆ ਜਾਵੇ।
2. ਹਰੇਕ ਮਹੀਨੇ ਦੇ ਚੌਥੇ ਸ਼ਨੀਵਾਰ ਨੂੰ ਪੇਰੈਂਟਸ ਟੀਚਰਜ਼ ਮੀਟਿੰਗ ਹੋਵੇਗੀ। ਸਕੂਲ ਕੀਤੀਆਂ ਗਈਆਂ ਮੀਟਿੰਗਾਂ ਸਬੰਧੀ ਮੁਕੰਮਲ ਵੇਰਵਾ ਸਕੂਲ ਵਿਖੇ ਮੇਨਟੇਨ ਕੀਤਾ ਜਾਵੇ। ਕੁਝ ਮਾਪਿਆਂ ਦੀ ਮੀਟਿੰਗ ਦੌਰਾਨ ਡਾਇਰੈਕਟੋਰੇਟ ਦਫ਼ਤਰ ਦੇ ਕਿਸੇ ਅਧਿਕਾਰੀ ਨਾਲ ਲੋੜ ਅਨੁਸਾਰ ਫੋਨ 'ਤੇ ਗੱਲਬਾਤ ਕਰਵਾਈ ਜਾਵੇ।
3. ਉਪਰੋਕਤ ਗਤੀਵਿਧੀਆਂ/ਮੁਕਾਬਲਿਆਂ ਤੋਂ ਇਲਾਵਾ ਸਕੂਲ ਆਪਣੇ ਪੱਧਰ 'ਤੇ ਵਿਦਿਆਰਥੀਆਂ ਨਾਲ ਜੁੜੀਆਂ ਹੋਰ ਗਤੀਵਿਧੀਆਂ ਵੀ ਕਰਵਾ ਸਕਦੇ ਹਨ।
4. ਵਿਦਿਆਰਥੀਆਂ ਵੀ ਸ਼ਖ਼ਸੀਅਤ ਅਤੇ ਸਰਵਪੱਖੀ ਵਿਕਾਸ ਲਈ ਇਤਿਹਾਸਕ ਦਿਹਾੜਿਆਂ ਅਨੁਸਾਰ ਧਾਰਮਿਕ ਗਤੀਵਿਧੀਆਂ, ਸੁੰਦਰ ਲਿਖਾਈ ਮੁਕਾਬਲੇ, ਸਾਇੰਸ ਨਾਲ ਜੁੜੀਆਂ ਗਤੀਵਿਧੀਆਂ, ਕਹਾਣੀ ਲੇਖਣ ਮੁਕਾਬਲੇ, ਛੋਟੇ ਬੱਚਿਆਂ ਦੇ ਫੈਂਸੀ ਡਰੈੱਸ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ, ਪੁਰਾਤਨ ਲੋਕ ਖੇਡਾਂ, ਗੁਰਮੁਖੀ ਪੈਂਤੀ ਅੱਖਰੀ ਅਭਿਆਸ ਅਤੇ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਗਤੀਵਿਧੀਆਂ ਆਦਿ ਕਰਵਾਈਆਂ ਜਾਣ।
5. ਸੰਸਥਾਵਾਂ ਇਨ੍ਹਾਂ ਗਤੀਵਿਧੀਆਂ ਨੂੰ ਪ੍ਰਾਇਮਰੀ, ਹਾਈ ਅਤੇ ਸੀਨੀਅਰ ਸੈਕੰਡਰੀ ਕਲਾਸਾਂ ਦੇ ਵਿਦਿਆਰਥੀਆਂ ਲਈ ਵੱਖੋ-ਵੱਖਰਾ ਕਰ ਸਕਦੀਆਂ ਹਨ।
6. ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਦਾ ਗੁਰਮਤਿ ਟਰੇਨਿੰਗ ਕੈਂਪ ਦੀ ਤਾਰੀਖ ਬਾਅਦ ਵਿਚ ਨਿਯਤ ਕੀਤੀ ਜਾਵੇਗੀ।
7. ਸਮੂਹ ਸਕੂਲ ਵਿਦਿਆਥੀਆਂ ਦੇ ਕਵੀਸ਼ਰੀ ਮੁਕਾਬਲੇ ਕਾਵਿ-ਏ-ਸਿੱਖੀ ਦੀ ਤਾਰੀਖ ਬਾਅਦ ਵਿਚ ਨਿਯਤ ਕੀਤੀ ਜਾਵੇਗੀ।
   ਉਪਰੋਕਤ ਗਤੀਵਿਧੀਆਂ ਸਬੰਧੀ ਰਿਪੋਰਟ ਸੰਸਥਾ ਪੱਧਰ 'ਤੇ ਰਿਕਾਰਡ ਵਿਚ ਰੱਖ ਲਈ ਜਾਵੇ।